This question paper contains 3 printed pages]

*Your Roll No.*...............

**5395**

**B.A. (PROGRAMME)/II A**

**(L)**

PUNJABI DISCIPLINE—Paper II

(Optional)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

ਨੋਟ :- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਸ਼ਾਹ ਮੁਹੰਮਦ ਰਚਿਤ ਜੰਗਨਾਮਾਂ 'ਸਿੰਘਾਂ ਤੇ ਫ਼ਿਰੰਗੀਆਂ' ਵਿਚ ਸਿੱਖ ਰਾਜ ਦੇ ਕਿਹੜੇ ਪਤਨ ਦੀ ਗੱਲ ਕੀਤੀ ਹੈ ? ਚਰਚਾ ਕਰੋ ।

ਜਾਂ

ਨਵਦੀਪਿਕਾ ਪੁਸਤਕ ਵਿਚਲੇ ਕਿੱਸਾ 'ਪੂਰਨ ਭਗਤ' ਦੇ ਆਧਾਰ 'ਤੇ ਪੂਰਨ ਭਗਤ ਦਾ ਪਾਤਰ ਚਿਤਰਣ ਕਰੋ । 15

P.T.O.

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ ਇਕ ਦੀ ਆਲੋਚਨਾਤਮਕ ਵਿਆਖਿਆ ਕਰੋ :

(*i*) ਜ਼ਫ਼ਰਨਾਮਾ;

(*ii*) ਇਕ ਐਤਵਾਰ;

(*iii*) ਕੱਚ ਦਾ ਗੱਜਰਾ । 15

3. ਹੇਠ ਲਿਖੇ ਵਾਕਾਂ ਤੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :

(*i*) ਏਨਕ, ਹੰਜੂ, ਅੰਬਰਸਰ, ਜਿਯਾਦਾ, ਛਰਬਤ ।

(*ii*) ਕਵੀਤਾ ਨੂੰ ਵਾਰਤਕ ਹੀ ਪੜ੍ਹ ਲੈਣਾ ਵਾਗੇ ਉਸਦੀ ਆਤਮ ਨੁ ਮਾਰਨ ਹੈ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

"ਲੋਕ ਗੀਤ ਕਿਸੇ ਜਾਤੀ ਦੇ ਅੰਤਰੀਣ ਜਜ਼ਬਿਆਂ ਤੇ ਮਨੋਭਾਵਾਂ ਦਾ ਕਾਵਿ-ਮਈ ਪ੍ਰਵਾਹ ਹੁੰਦੇ ਹਨ । ਇਸ ਚੇਤਨ ਅਵਚੇਤਨ ਮਨ ਵਿਚ ਵਸਦੇ ਹਨ । ਮਚਲਦੇ ਜਾਂ ਦਬੇ ਘੁਟੇ ਵਲਵਲਿਆਂ ਦਾ ਸਹਿਜ ਪ੍ਰਗਟਾਵਾ ਹਨ । ਇਹ ਲੋਕਾਂ ਦੇ ਦਿਲਾਂ ਵਿਚੋਂ ਅਪ ਮੁਹਾਰੇ ਚਸ਼ਮੇ ਵਾਗਾਂ ਫੁੱਟਦੇ ਹਨ । ਪੰਜਾਬੀ ਸਭਿਆਚਾਰ ਦੀ ਨਰੋਈ ਰੂਹ ਇਨ੍ਹਾਂ ਵਿਚ ਕ੍ਰਿਸ਼ਕਾ ਮਾਰਦੀ ਹੈ । ਇਨ੍ਹਾਂ ਗੀਤਾਂ ਵਿਚ ਚਾਰ ਪ੍ਰਮੁੱਖ ਭਾਵਨਾਵਾਂ ਹੁੰਦੀਆਂ ਹਨ । ਬੀਰ ਭਾਵਨਾ, ਪ੍ਰੇਮ ਭਾਵਨਾ, ਧਾਰਮਕ ਭਾਵਨਾ, ਸੰਸਕਾਰ ਭਾਵਨਾ । ਪੰਜਾਬੀ ਲੋਕ ਗੀਤਾਂ ਦਾ ਭੰਡਾਰ ਬੜਾ ਅਮੀਰ ਤੇ ਬਹੁਰੰਗਾ ਹੈ । ਘੋੜੀਆਂ, ਸੁਹਾਗ, ਛੰਦ, ਸਿਠਣੀਆਂ, ਹਾਸੇ ਵਿਲਕਣੀਆਂ ਪੀੜਾਂ, ਨਿਹੋਰੇ, ਰੋਸੇ, ਵਿਅੰਗ ਤੇ ਟੋਕਾਂ ਰਾਹੀਂ ਪੰਜਾਬੀ ਲੋਕ ਮਨ ਦੀ ਤਰਜ਼ਮਾਨੀ ਹੁੰਦੀ ਹੈ ।"

ਪ੍ਰਸ਼ਨ :

(*i*) ਇਸ ਪੈਰੇ ਦਾ ਢੁੱਕਵਾਂ ਸਿਰਲੇਖ ਦਿਉ ।

(*ii*) ਲੋਕ ਗੀਤਾਂ ਨੂੰ ਕੌਣ ਰਚਦਾ ਹੈ ?

(*iii*) ਲੋਕ ਗੀਤ ਕਿਸ ਗੱਲ ਦੀ ਤਰਜ਼ਮਾਨੀ ਕਰਦੇ ਹਨ ?

(*iv*) ਲੋਕ ਗੀਤਾਂ ਵਿਚ ਕਿਹੜੀਆਂ ਮੁੱਖ ਭਾਵਨਾਵਾਂ ਹੁੰਦੀਆਂ ਹਨ ।

(*v*) ਪੰਜਾਬੀ ਲੋਕ ਗੀਤਾਂ ਵਿਚ ਕਿਹੜੇ ਮੁੱਖ ਵਿਸ਼ੇ ਹੁੰਦੇ ਹਨ ? 10

5. 'ਕਾਮਨਵੈਲਥ' ਖੇਡਾਂ ਦਾ ਵਿਗਿਆਪਨ ਤਿਆਰ ਕਰ ਕੇ ਕਿਸੇ ਅਖ਼ਬਾਰ ਨੂੰ ਭੇਜੋ ।

ਜਾਂ

'ਯਮਕ' ਅਤੇ 'ਉਪਮਾ' ਅਲੰਕਾਰਾਂ ਨੂੰ ਉਦਾਹਰਨਾਂ ਸਹਿਤ ਸਪਸ਼ਟ ਕਰੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(*i*) 'ਜੰਗਨਾਮਾ' ਸ਼ਬਦ ਦੀ ਵਿਆਖਿਆ ਕਰੋ ।

(*ii*) 'ਚੰਡੀ ਦੀ ਵਾਰ' ਦਾ ਰਚਨਹਾਰ ਕੌਣ ਸਨ ? ਅਤੇ ਇਸ ਵਿਚ ਕਿਹੜਾ ਰਸ ਪ੍ਰਧਾਨ ਹੈ ?

(*iii*) ਹੀਰ ਵਾਰਿਸ ਵਿਚ ਸਮਕਾਲੀ ਲੋਕ-ਜੀਵਨ ਦੀ ਕਿਹੋ-ਜਿਹੀ ਝਲਕ ਮਿਲਦੀ ਹੈ ?

(*iv*) 'ਜੁਤੀਆਂ ਦਾ ਜੋੜਾ' ਇਕਾਂਗੀ ਦੇ ਪਾਤਰਾਂ ਦੇ ਨਾਂ ਲਿਖੋ ।

(*v*) 'ਸੀਹਰਫ਼ੀ' ਕਾਵਿ-ਰੂਪ ਤੋਂ ਕੀ ਭਾਵ ਹੈ ? 5×3=15